**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 0172-2615385, 2622584-85 FAX : 2660734

ਨੰ:ਪੀ.ਐਸ.ਬੀ.ਆਈ.ਟੀ/2017/2192 ਮਿਤੀ 25.10.2017

ਵੱਲ:

ਪ੍ਰਿੰਸੀਪਲ
ਸਮੂਹ ਸਰਕਾਰੀ/ਗੈਰ ਸਰਕਾਰੀ ਬਹੁਤਕਨੀਕੀ
ਅਤੇ ਫਾਰਮੇਸੀ ਸੰਸਥਾਵਾਂ, ਪੰਜਾਬ ਅਤੇ ਚੰਡੀਗੜ੍ਹ।

ਵਿਸ਼ਾ: ਰਾਜ ਦੀਆਂ ਸਮੂਹ ਸਰਕਾਰੀ/ਗੈਰ ਸਰਕਾਰੀ ਬਹੁਤਕਨੀਕੀ ਅਤੇ ਫਾਰਮੇਸੀ ਸੰਸਥਾਵਾਂ ਵਿੱਚ ਸੀ.ਸੀ.ਟੀ.ਵੀ ਕੈਮਰੇਆਂ ਦੀ ਇੰਸਟਾਲੇਸ਼ਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਚੇਅਰਮੈਨ ਸਾਹਿਬ ਜੀ, ਪੀ.ਐਸ.ਬੀ.ਟੀ.ਈ ਐਂਡ ਆਈ.ਟੀ ਵੱਲੋਂ ਰਾਜ ਅਧੀਨ ਚਲ ਰਹੀਆਂ ਸੰਸਥਾਵਾਂ ਨੂੰ ਹੇਠ ਦੱਸੇ ਅਨੁਸਾਰ ਹਦਾਇਤਾਂ ਜਾਰੀ ਕਰਨ ਦੇ ਹੁਕਮ ਹੋਏ ਹਨ:

1. ਬੋਰਡ ਨਾਲ ਐਫੀਲੀਏਟਡ ਸਾਰੀਆਂ ਸੰਸਥਾਵਾਂ ਦੇ ਲਈ ਬਣੇ ਸਲਾਨਾ ਇੰਸਪੈਕਸ਼ਨ ਪ੍ਰਫੋਰਮਾ ਵਿੱਚ, ਸੀ.ਸੀ.ਟੀ.ਵੀ ਕੈਮਰੇ ਦੇ ਲੱਗੇ ਹੋਣ ਅਤੇ ਉਹਨਾਂ ਸੀ.ਸੀ.ਟੀ.ਵੀ ਕੈਮਰਿਆਂ ਦੀ ਚਾਲੂ ਹਾਲਤ ਸਬੰਧੀ ਵੀ ਦਰਜ ਹੋਣਾ ਯਕੀਨੀ ਬਣਾਇਆ ਜਾਵੇ।

2. ਸਮੂਹ ਸੰਸਥਾਵਾਂ ਵੱਲੋਂ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ ਬੋਰਡ ਵਿਖੇ ਜਮ੍ਹਾਂ ਕਰਵਾਉਣ ਸਮੇਂ ਸਬੰਧਤ ਸੰਸਥਾ ਅੰਡਰਟੇਕਿੰਗ ਦੇਵੇਗੀ ਕਿ ਉਸ ਸੰਸਥਾ ਵਿੱਚ ਜਿੱਥੇ ਪ੍ਰੀਖਿਆ ਲਈ ਜਾਣੀ ਹੈ, ਵਿੱਚ ਲੱਗੇ ਹੋਏ ਸਾਰੇ ਸੀ.ਸੀ.ਟੀ.ਵੀ ਕੈਮਰੇ ਚਾਲੂ ਹਾਲਤ ਵਿੱਚ ਹਨ।

3. ਪ੍ਰਾਈਵੇਟ ਪੋਲੀਟੈਕਨਿਕ ਸੰਸਥਾਵਾਂ ਵਿਖੇ ਬੋਰਡ ਵੱਲੋਂ ਜਿਹੜੀ ਵੀ ਪ੍ਰੀਖਿਆਵਾਂ ਹੋਣਗੀਆਂ ਉਹ ਉਪਰੋਕਤ ਦਰਸਾਏ ਨੁਕਤਿਆਂ ਅਨੁਸਾਰ ਸੀ.ਸੀ.ਟੀ.ਵੀ ਕੈਮਰੇ ਰਾਹੀ ਕਵਰ ਕੀਤੀਆਂ ਜਾਣਗੀਆਂ। ਜਿਸ ਨੂੰ ਬੋਰਡ ਵੱਲੋ ਸਰਕਾਰੀ ਪੋਲੀਟੈਕਨਿਕ ਕਾਲਜ ਵਿੱਚ ਸਥਾਪਿਤ ਕੀਤੇ ਜਾਣ ਵਾਲੇ ਨੋਡਲ ਸੈਂਟਰਾਂ ਰਾਹੀਂ ਮੋਨੀਟਰ ਕੀਤਾ ਜਾਵੇਗਾ। ਜਰੂਰਤ ਪੈਣ ਤੇ ਇਹਨਾਂ ਨੋਡਲ ਸੈਂਟਰਾਂ ਦੀ ਗਿਣਤੀ ਵਧਾਈ ਵੀ ਜਾ ਸਕਦੀ ਹੈ ਅਤੇ ਇਸ ਕਾਰਜ ਲਈ ਬੋਰਡ ਦਫਤਰ ਵਿਖੇ ਇਕ ਕੰਟਰੋਲ ਰੂਮ ਵੀ ਸਥਾਪਿਤ ਕੀਤਾ ਜਾਵੇਗਾ, ਜਿਸ ਵਿੱਚ ਜੇਕਰ ਕੋਈ ਸਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਸਬੰਧੀ ਬਣਦੀ ਅਨੁਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ।

ਹੋਏ ਹੁਕਮਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਅਕੈਡਮਿਕ

ਨੰ:ਪੀ.ਐਸ.ਬੀ.ਆਈ.ਟੀ/2017/2192 ਮਿਤੀ 25.10.2017

ਕਾਪੀ:

1. ਪੀ.ਏ/ ਮਾਨਯੋਗ ਚੇਅਰਮੈਨ ਸਾਹਿਬ ਜੀ ਨੂੰ ਜਾਣਕਾਰੀ ਅਤੇ ਉਹਨਾਂ ਦੇ ਹੁਕਮਾਂ ਦੀ ਪਾਲਣਾ ਹਿੱਤ ।
2. ਪੀ.ਏ/ਮਾਨਯੋਗ ਡਾਇਰੈਕਟਰ ਸਾਹਿਬ, ਡੀ.ਟੀ.ਈ ਐਂਡ ਆਈ.ਟੀ ਪੰਜਾਬ ਚੰਡੀਗੜ੍ਹ ਨੂੰ ਜਾਣਕਾਰੀ ਹਿੱਤ।
3. ਪੀ.ਏ/ਸਕੱਤਰ ਸਾਹਿਬ, ਪੀ.ਐਸ.ਬੀ.ਟੀ.ਈ ਐਂਡ ਆਈ.ਟੀ ਨੂੰ ਜਾਣਕਾਰੀ ਹਿੱਤ।
4. ਰਜਿਸਟਰਾਰ, ਪੀ.ਐਸ.ਬੀ.ਟੀ.ਈ ਐਂਡ ਆਈ.ਟੀ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ।

ਡਾਇਰੈਕਟਰ ਅਕੈਡਮਿਕ